# ਪਰਦੇਸੀ

ਮੱਰਦੀ ਨੇ ਅੱਕ ਚੱਬਿਆ, ਦੇਸੀ ਛੱਡ ਕੇ ਪਰਦੇਸੀ ਨਾਲ ਲਾਈਆ ।

ਕੀਤੀਆ ਸੀ **College** ਚ' ਪੜ੍ਹਾਈਆ,
ਯਾਰੀਆ ਸੀ ਹਾਣਦੇ ਮੁੰਡੇ ਨਾਲ ਲਾਈਆ,
ਜਦੋ ਫਿਰ ਮੰਜਬੂਰੀਆ ਸਾਹਮਣੇ ਆਈਆ ।

ਮੱਰਦੀ ਨੇ ਅੱਕ ਚੱਬਿਆ, ਦੇਸੀ ਛੱਡ ਕੇ ਪਰਦੇਸੀ ਨਾਲ ਲਾਈਆ ।

ਚੱਰਖਾ ਸੀ ਮੇਰੇ ਨਾਲ ਘੂੰ-ਘੂੰ ਕਰਦਾ,
ਕਹਿੰਦੇ ਮੈਨੂੰ ਹੁਣ ਵੀ ਬੜਾ ਯਾਦ ਕਰਦਾ,
ਕਹਿੰਦਾ ਤੇਰੇ ਵੱਰਗੀਆ ਤੰਦਾ ਕਿਸੇ ਨਾ ਪਾਈਆ ।

ਮੱਰਦੀ ਨੇ ਅੱਕ ਚੱਬਿਆ, ਦੇਸੀ ਛੱਡ ਕੇ ਪਰਦੇਸੀ ਨਾਲ ਲਾਈਆ ।

ਕਾਹਦਾ ਮੈ ਜਹਾਜ ਚੱੜਗੀ,
ਸੱਜਣਾ ਲਈ ਮੈ ਜਿਉਦੀ ਮੱਰਗੀ,
ਸੱਜਣਾ ਦੀ ਰੂਹ ਮੈ ਜਹਾਜ ਚ ਨਾਲ ਲੈ ਆਈਆ ।

ਮੱਰਦੀ ਨੇ ਅੱਕ ਚੱਬਿਆ, ਦੇਸੀ ਛੱਡ ਕੇ ਪਰਦੇਸੀ ਨਾਲ ਲਾਈਆ ।

ਮੁੱਲ ਦਾ ਮੈ ਹੁਣ ਦੁੱਧ ਪੀਦੀ,
ਭੁੱਲ ਗਈਆ ਹੁਣ ਮੈਨੂੰ,
ਚੋਣੀਆ ਮੱਝਾ ਤੇ ਗਾਈਆ ।

**Pardesi**

ਮੱਰਦੀ ਨੇ ਅੱਕ ਚੱਬਿਆ, ਦੇਸੀ ਛੱਡ ਕੇ ਪਰਦੇਸੀ ਨਾਲ ਲਾਈਆ ।

ਮੇਮਾ ਵਿੱਚ ਹੁਣ ਮੇਰੀ ਉਠਣੀ ਬੈਠਣੀ,
ਵੇ ਮੇਮਾ ਵਿੱਚ ਹੁਣ ਮੇਰੀ ਉਠਣੀ ਬੈਠਣੀ,
ਭੁਲੀਆ ਮੈਨੂੰ ਹੁਣ ਸੱਖੀਆ ਤੇ ਭੱਰਜਾਈਆ ।

ਮੱਰਦੀ ਨੇ ਅੱਕ ਚੱਬਿਆ, ਦੇਸੀ ਛੱਡ ਕੇ ਪਰਦੇਸੀ ਨਾਲ ਲਾਈਆ ।

ਮੰਨ ਹਮੇਸਾ ਸੱਜਣਾ ਨੂੰ ਯਾਦ ਕਰਦਾ,
ਵਿਛੋੜਾ ਸੱਜਣਾ ਦਾ ਤੰਗ ਕਰਦਾ,
ਤੇ ਤੰਗ ਕਰਦੀਆ ਸੱਜਣਾ ਦੀਆ ਪੱਰਛਾਈਆ ।

ਮੱਰਦੀ ਨੇ ਅੱਕ ਚੱਬਿਆ, ਦੇਸੀ ਛੱਡ ਕੇ ਪਰਦੇਸੀ ਨਾਲ ਲਾਈਆ ।

ਕਾਹਦੀਆ ਪਰਦੇਸੀ ਝੂਡੂ ਨਾਲ ਲਾਈਆ,
ਅਸੀ ਕੱਰਮਾ ਅੱਗੇ ਗੋਡੀਆ ਝੁਕਾਈਆ,
ਤੇ ਫਿਰ ਫੱਟੀਆ ਪੁਰਾਣੀਆ ਜੀਨਾ ਪਾਈਆ ।

ਮੱਰਦੀ ਨੇ ਅੱਕ ਚੱਬਿਆ, ਦੇਸੀ ਛੱਡ ਕੇ ਪਰਦੇਸੀ ਨਾਲ ਲਾਈਆ ।

ਰੱਬਾ ਦਈ ਨਾ ਕਿਸੇ ਨੂੰ ਵਿਛੋੜਾ,
ਬੇਛੱਕ ਦੇ ਦਈ ਸਾਨੂੰ ਤੂੰ ਗਲ ਮੜੋੜਾ,
**Sarjinder** ਕਹਿੰਦਾ ਵਿਛੋੜਾ ਔਖਾ ਮੇਰੇ ਸਾਂਈਆ ।

ਮੱਰਦੀ ਨੇ ਅੱਕ ਚੱਬਿਆ, ਦੇਸੀ ਛੱਡ ਕੇ ਪਰਦੇਸੀ ਨਾਲ ਲਾਈਆ ।

**Archived at:** www.geocities.com/new_punjabi_songs
**Written by:** Dr. Sarjinder Singh, Assistant Professor, St. Cloud State University, St. Cloud, MN, USA **Note:** All opinions are of author's own.

**Updated: July 2006**